Optegra
EYE HEALTH CARE

# NHS ਮੋਤੀਏ ਦੇ ਮਰੀਜ਼ ਦਾ ਸਫ਼ਰ



optegra.com/NHS

NHS

# ਸਮੱਗਰੀ


| | |
|---|---|
| Optegra ਕਿਉਂ ਚੁਣੀਏ? | 3 |
| ਮੋਤੀਆ ਕੀ ਹਨ? | 4 |
| ਇੱਕ ਝਲਕ ਵਿੱਚ ਮਰੀਜ਼ ਦਾ ਸਫ਼ਰ | 5 |
| ਪੂਰਵ-ਮੁਲਾਂਕਣ | 6 |
| ਸ਼ੁਰੂਆਤੀ ਮੁਲਾਕਾਤ | 7 |
| ਸਰਜਰੀ ਦਾ ਦਿਨ | 8 |
| ਤੁਹਾਡੀ ਸਰਜਰੀ ਤੋਂ ਤੁਰੰਤ ਬਾਅਦ | 9 |
| ਸਰਜਰੀ ਤੋਂ ਬਾਅਦ ਸਲਾਹ | 9 |
| ਕੀ ਕਰਨਾ ਅਤੇ ਕੀ ਨਹੀਂ ਕਰਨਾ ਹੈ | 10-11 |
| ਆਪਣੀਆਂ ਅੱਖਾਂ ਦੀਆਂ ਬੂੰਦਾਂ ਪਾਓ | 12 |
| ਤੁਹਾਡੀ ਪੋਸਟ-ਆਪਰੇਟਿਵ ਮੁਲਾਕਾਤ ’ਤੇ ਕੀ ਉਮੀਦ ਕਰਨੀ ਹੈ | 13 |
| ਸਾਡੀ ਕਲੀਨਿਕਲ ਸਲਾਹ ਟੀਮ ਨਾਲ ਸੰਪਰਕ ਕਰੋ | 14 |
| ਅਕਸਰ ਪੁੱਛੇ ਜਾਣ ਵਾਲੇ ਸਵਾਲ | 15 |
| ਤੁਹਾਡੇ ਵਰਗੇ ਮਰੀਜ਼ Optegra ’ਤੇ ਵਿਸ਼ਵਾਸ ਕਿਉਂ ਕਰਦੇ ਹਨ | 16 |
| Optegra ਆਈ ਕਲੀਨਿਕ ਵਿਖੇ ਤੁਹਾਡਾ ਸੁਆਗਤ ਹੈ | 17 |
| ਮੋਤੀਏ ਦੇ ਇਲਾਜ ਦੇ ਉੱਨਤ ਵਿਕਲਪ | 18-19 |




# Optegra ਕਿਉਂ ਚੁਣੀਏ?

**ਮੋਤੀਏ ਦੀ ਸਰਜਰੀ ਤੁਹਾਡੀ ਦ੍ਰਿਸ਼ਟੀ ਨੂੰ ਬਿਹਤਰ ਬਣਾਉਣ ਦਾ ਮੌਕਾ ਲੈ ਕੇ ਆਉਂਦੀ ਹੈ। ਪ੍ਰਕਿਰਿਆ ਸਿਰਫ਼ ਇੱਕ ਵਾਰ ਵਿੱਚ ਕੀਤੀ ਜਾ ਸਕਦੀ ਹੈ, ਇਸਲਈ ਤੁਸੀਂ ਸਾਰੇ ਢੁਕਵੇਂ ਵਿਕਲਪਾਂ ਤੱਕ ਪਹੁੰਚ ਪ੍ਰਾਪਤ ਕਰਨ ਦੇ ਹੱਕਦਾਰ ਹੋ।**

## ਇੰਨੇ ਸਾਰੇ ਮਰੀਜ਼ Optegra ਦੀ ਚੋਣ ਕਿਉਂ ਕਰਦੇ ਹਨ?

- ਮਾਹਰ ਅੱਖਾਂ ਦੇ ਸਲਾਹਕਾਰਾਂ ਮੈਡੀਕਲ ਕਮਿਊਨਿਟੀ ਵਿੱਚ ਬਹੁਤ ਜ਼ਿਆਦਾ ਮਾਣਯੋਗ ਅਤੇ ਉਨ੍ਹਾਂ ਦੇ ਖੇਤਰ ਵਿੱਚ ਸਤਿਕਾਰਯੋਗ ਹਨ
- ਜ਼ਰੂਰਤ ਪੈਣ ’ਤੇ ਦਿਨ ਵਿੱਚ 24 ਘੰਟੇ ਤੁਰੰਤ ਉਪਲੱਬਧ ਮਦਦ ਦੇ ਨਾਲ ਬਾਅਦ ਸਰਜਰੀ ਤੋਂ ਬਾਅਦ ਦੀ ਦੇਖਭਾਲ ਦਾ ਸਭ ਤੋਂ ਉੱਚਾ ਮਿਆਰ
- ਅਸੀਂ ਆਪਣੇ ਨਤੀਜਿਆਂ ਦੀ ਸਰਗਰਮੀ ਨਾਲ ਸਮੀਖਿਆ ਅਤੇ ਜਾਂਚ ਕਰਦੇ ਹਾਂ ਤਾਂ ਜੋ ਇਹ ਯਕੀਨੀ ਕੀਤਾ ਜਾ ਸਕੇ ਕਿ ਅਸੀਂ ਲਗਾਤਾਰ ਆਪਣੇ ਮਰੀਜ਼ਾਂ ਨੂੰ ਉੱਚ ਗੁਣਵੱਤਾ ਪ੍ਰਦਾਨ ਕਰ ਰਹੇ ਹਾਂ
- ਇੰਤਜ਼ਾਰ ਦਾ ਘਟਾਇਆ ਗਿਆ ਸਮਾਂ - ਤੁਸੀਂ ਆਮ ਤੌਰ ’ਤੇ 2-3 ਹਫ਼ਤਿਆਂ ਦੇ ਅੰਦਰ ਆਪਣੀ ਪਹਿਲੀ ਮੁਲਾਕਾਤ ਕਰੋਗੇ
- ਤੁਰੰਤ ਮੁਲਾਕਾਤਾਂ, ਤੁਸੀਂ ਆਮ ਤੌਰ ’ਤੇ ਹਸਪਤਾਲ ਵਿੱਚ 2 ਘੰਟਿਆਂ ਤੋਂ ਵੱਧ ਨਹੀਂ ਰਹੋਗੇ
- ਮਾਹਰ ਸਰਜਨ, ਅਤਿ-ਆਧੁਨਿਕ ਤਕਨਾਲੋਜੀ ਅਤੇ ਦੇਖਭਾਲ ਕਰਨ ਵਾਲਾ ਸਹਾਇਕ ਸਟਾਫ
- ਤੁਹਾਡੀ NHS ਪ੍ਰਕਿਰਿਆ ਇੱਕ ਸਮਰਪਿਤ Optegra ਅੱਖਾਂ ਦੇ ਹਸਪਤਾਲ ਜਿਸਨੂੰ ਪੰਜ-ਸਿਤਾਰਾ ਮਿਆਰ ਨਾਲ ਤਿਆਰ ਕੀਤਾ ਗਿਆ ਹੈ, ਵਿੱਚ ਕੀਤੀ ਗਈ
- ਤੁਹਾਡਾ ਇਲਾਜ ਪੂਰੀ ਤਰ੍ਹਾਂ ਮੁਫ਼ਤ ਹੈ - ਇੱਥੇ ਕਿਸੇ ਵੀ ਸਮੇਂ ਕੋਈ ਵਾਧੂ ਖਰਚੇ ਨਹੀਂ ਹਨ
- ਪ੍ਰਕਿਰਿਆ ਤੋਂ ਪਹਿਲਾਂ, ਦੌਰਾਨ ਅਤੇ ਬਾਅਦ ਵਿੱਚ ਦੇਖਭਾਲ ਦੀ ਨਿਰੰਤਰਤਾ



# ਮੋਤੀਆ ਕੀ ਹਨ?

**ਮੋਤੀਆ ਉਹ ਹੈ ਜਦੋਂ ਤੁਹਾਡੀ ਅੱਖ ਦਾ ਲੈਂਜ਼ ਧੁੰਦਲਾ ਹੋ ਜਾਂਦਾ ਹੈ। ਸਮੇਂ ਦੇ ਨਾਲ, ਇਹ ਧੁੰਦਲਾਪਨ ਦ੍ਰਿਸ਼ਟੀ ਦੇ ਧੁੰਦਲੇ ਹੋਣ ਦਾ ਕਾਰਨ ਬਣਦਾ ਹੈ, ਜਿਵੇਂ ਕਿ ਫਰੋਸਟਿਡ ਸ਼ੀਸ਼ੇ ਵਿੱਚੋਂ ਦੇਖਣਾ। ਮੋਤੀਆ ਰੰਗਦਾਰ ਦ੍ਰਿਸ਼ਟੀ ਨੂੰ ਫਿੱਕਾ ਕਰਨ ਦਾ ਕਾਰਨ ਵੀ ਬਣ ਸਕਦਾ ਹੈ ਅਤੇ ਚਮਕ ਜਾਂ ਦੋਹਰੀ ਦ੍ਰਿਸ਼ਟੀ ਦਾ ਕਾਰਨ ਬਣ ਸਕਦਾ ਹੈ।**

**ਸਧਾਰਣ ਅੱਖ**




**ਮੋਤੀਏ ਦੇ ਨਾਲ ਅੱਖ**




ਸਧਾਰਣ ਦ੍ਰਿਸ਼ਟੀ



ਮੋਤੀਏ ਦੇ ਨਾਲ ਦ੍ਰਿਸ਼ਟੀ



ਵਰਤਮਾਨ ਵਿੱਚ, ਮੋਤੀਏ ਦਾ ਇੱਕੋ ਇੱਕ ਇਲਾਜ ਸਰਜਰੀ ਹੈ। ਜੇਕਰ ਮੋਤੀਏ ਨੂੰ ਨਾ ਹਟਾਇਆ ਜਾਵੇ, ਤਾਂ ਦ੍ਰਿਸ਼ਟੀ ਹੌਲੀ-ਹੌਲੀ ਵਿਗੜ ਜਾਵੇਗੀ।



# ਇੱਕ ਝਲਕ ਵਿੱਚ ਮਰੀਜ਼ ਦਾ ਸਫ਼ਰ

## ਨਿਦਾਨ ਅਤੇ ਹਵਾਲਾ

ਤੁਹਾਡੇ ਸਥਾਨਕ ਆਪਟੋਮੈਟ੍ਰਿਸਟ ਨਾਲ ਤੁਹਾਡੀ ਮੁਲਾਕਾਤ ਤੋਂ ਬਾਅਦ, ਆਪਟੀਸ਼ੀਅਨ ਤੁਹਾਨੂੰ Optegra ਜਾਂ ਕਿਸੇ ਹੋਰ ਸਥਾਨਕ ਹਸਪਤਾਲ ਵਿੱਚ ਭੇਜਣ ਦੇ ਯੋਗ ਹੋਵੇਗਾ।

ਇੱਕ ਵਾਰ ਜਦੋਂ ਸਾਡੀ ਸਮਰਪਿਤ NHS ਟੀਮ ਤੁਹਾਡੇ ਹਵਾਲੇ ਨੂੰ ਪ੍ਰਾਪਤ ਕਰਦੀ ਹੈ ਅਤੇ ਉਸ 'ਤੇ ਪ੍ਰਕਿਰਿਆ ਕਰਦੀ ਹੈ, ਤਾਂ ਸਾਡੀ ਕਲੀਨਿਕਲ ਟੀਮ ਦੁਆਰਾ ਟੈਲੀਫੋਨ ਮੁਲਾਂਕਣ ਨੂੰ ਪੂਰਾ ਕਰਨ ਲਈ ਤੁਹਾਡੇ ਨਾਲ ਸੰਪਰਕ ਕੀਤਾ ਜਾਵੇਗਾ।

## ਪੂਰਵ-ਮੁਲਾਂਕਣ ਅਤੇ ਤੁਹਾਡੀ ਸ਼ੁਰੂਆਤੀ ਮੁਲਾਕਾਤ ਦੀ ਬੁਕਿੰਗ

ਤੁਹਾਡੇ ਟੈਲੀਫੋਨ ਮੁਲਾਂਕਣ ਦੌਰਾਨ, ਸਾਡੀ ਕਲੀਨਿਕਲ ਟੀਮ ਦਾ ਇੱਕ ਮੈਂਬਰ ਤੁਹਾਨੂੰ ਮੈਡੀਕਲ ਸਵਾਲਾਂ ਦੀ ਇਕ ਲੜੀ ਪੁੱਛੇਗਾ ਅਤੇ ਤੁਹਾਡੀ ਸ਼ੁਰੂਆਤੀ ਮੁਲਾਕਾਤ ਬੁੱਕ ਕਰੇਗਾ।

## ਸ਼ੁਰੂਆਤੀ ਮੁਲਾਕਾਤ

ਸਾਡੀ ਰਿਸੈਪਸ਼ਨ ਟੀਮ ਦੁਆਰਾ ਤੁਹਾਡਾ ਸੁਆਗਤ ਕੀਤਾ ਜਾਵੇਗਾ। ਸਾਡੀ ਸਿਹਤ ਦੇਖਭਾਲ ਟੀਮ ਦਾ ਇੱਕ ਮੈਂਬਰ ਦ੍ਰਿਸ਼ਟੀ ਦੇ ਅਤੇ ਡਾਇਗਨੌਸਟਿਕ ਟੈਸਟਾਂ ਦੀ ਇਕ ਲੜੀ ਨੂੰ ਪੂਰਾ ਕਰੇਗਾ। ਫਿਰ ਤੁਹਾਨੂੰ ਸਾਡੇ ਸਮਰਪਿਤ ਅੱਖਾਂ ਦੇ ਮਾਹਰਾਂ ਵਿੱਚੋਂ ਕਿਸੇ ਇੱਕ ਨੂੰ ਸੌਂਪ ਦਿੱਤਾ ਜਾਵੇਗਾ ਜੋ ਸਰਜਰੀ ਲਈ ਤੁਹਾਡੀ ਅਨੁਕੂਲਤਾ ਦੀ ਪੁਸ਼ਟੀ ਕਰੇਗਾ ਅਤੇ ਤੁਹਾਡੀ ਸਹਿਮਤੀ ਦੇ ਪਹਿਲੇ ਪੜਾਅ ਨੂੰ ਪੂਰਾ ਕਰੇਗਾ।

## ਤੁਹਾਡੀ ਸਰਜਰੀ ਦੀ ਬੁਕਿੰਗ

ਤੁਹਾਡੀ ਸ਼ੁਰੂਆਤੀ ਮੁਲਾਕਾਤ ਤੋਂ ਬਾਅਦ, ਸਾਡੀ ਸਮਰਪਿਤ NHS ਟੀਮ ਤੁਹਾਡੀ ਸਰਜਰੀ ਦੀ ਤਾਰੀਖ ਦਾ ਪ੍ਰਬੰਧ ਕਰਨ ਲਈ ਸੰਪਰਕ ਵਿੱਚ ਰਹੇਗੀ।

## ਸਰਜਰੀ ਦਾ ਦਿਨ

ਸਾਡੀ ਰਿਸੈਪਸ਼ਨਿਸਟ ਟੀਮ ਦੁਆਰਾ ਤੁਹਾਡਾ ਸੁਆਗਤ ਕੀਤਾ ਜਾਵੇਗਾ। ਇੱਕ ਨਰਸ ਤੁਹਾਨੂੰ ਲੈਣ ਆਵੇਗੀ ਅਤੇ ਤੁਹਾਨੂੰ ਵਾਰਡ ਵਿੱਚ ਲੈ ਜਾਵੇਗੀ ਅਤੇ ਸਰਜਰੀ ਤੋਂ ਪਹਿਲਾਂ ਦੀ ਜਾਂਚ ਕਰੇਗੀ। ਤੁਹਾਡਾ ਸਲਾਹਕਾਰ ਫਿਰ ਦੂਜੇ ਪੜਾਅ ਦੀ ਸਹਿਮਤੀ ਨੂੰ ਪੂਰਾ ਕਰੇਗਾ ਅਤੇ ਸਵਾਲਾਂ ਦੀ ਇਕ ਲੜੀ ਪੁੱਛੇਗਾ। ਫਿਰ ਤੁਹਾਨੂੰ 15 ਮਿੰਟ ਦੀ ਸਰਜੀਕਲ ਪ੍ਰਕਿਰਿਆ ਲਈ ਥੀਏਟਰ ਵਿੱਚ ਲਿਜਾਇਆ ਜਾਵੇਗਾ। ਸਰਜਰੀ ਤੋਂ ਬਾਅਦ ਤੁਸੀਂ ਵਾਰਡ ਵਿੱਚ ਵਾਪਸ ਆ ਜਾਵੋਗੇ ਅਤੇ ਸਾਡੀ ਨਰਸਾਂ ਵਿੱਚੋਂ ਇੱਕ ਇਹ ਦੱਸੇਗੀ ਕਿ ਪੋਸਟ-ਆਪਰੇਟਿਵ ਦੇਖਭਾਲ ਕਿਵੇਂ ਕਰਨੀ ਹੈ ਅਤੇ ਅੱਗੇ ਕੀ ਉਮੀਦ ਕਰਨੀ ਹੈ।

## ਤੁਹਾਡੀ ਪੋਸਟ-ਆਪਰੇਟਿਵ ਮੁਲਾਕਾਤ

ਤੁਹਾਡਾ ਪੋਸਟ- ਆਪਰੇਟਿਵ ਮੁਲਾਂਕਣ ਜਾਂ ਤਾਂ ਤੁਹਾਡੇ ਆਪਟੀਸ਼ੀਅਨ ਦੀ ਪ੍ਰੈਕਟਿਸ 'ਤੇ ਜਾਂ Optegra 'ਤੇ ਬੁੱਕ ਕੀਤਾ ਜਾਵੇਗਾ।

## ਡਿਸਚਾਰਜ

ਕਿਰਪਾ ਕਰਕੇ ਆਪਣੇ ਸਥਾਨਕ ਆਪਟੋਮੈਟ੍ਰਿਸਟ ਨਾਲ ਆਪਣੇ ਰੁਟੀਨ ਦ੍ਰਿਸ਼ਟੀ ਟੈਸਟਾਂ ਦਾ ਪ੍ਰਬੰਧ ਕਰਨਾ ਜਾਰੀ ਰੱਖੋ।

# ਪੂਰਵ-ਮੁਲਾਂਕਣ

## ਇਸ ਮੁਲਾਂਕਣ ਦਾ ਉਦੇਸ਼ ਇਹ ਯਕੀਨੀ ਕਰਨਾ ਹੈ ਕਿ ਤੁਸੀਂ ਸਹੀ ਸਹੂਲਤ ਵਿੱਚ ਆਪਣੇ ਲਈ ਸਹੀ ਇਲਾਜ ਪ੍ਰਾਪਤ ਕਰ ਰਹੇ ਹੋ।

- ਤੁਹਾਡਾ ਹਵਾਲਾ ਪ੍ਰਾਪਤ ਕਰਨ ਦੇ 24 ਘੰਟਿਆਂ ਦੇ ਅੰਦਰ ਤੁਹਾਨੂੰ ਅਗਲੇ ਕਦਮਾਂ ਦੀ ਪੁਸ਼ਟੀ ਕਰਨ ਲਈ ਸਾਡੇ ਵੱਲੋਂ ਇੱਕ ਟੈਕਸਟ ਸੁਨੇਹਾ ਮਿਲੇਗਾ।
- ਤੁਹਾਨੂੰ ਸਾਡੀ ਸਮਰਪਿਤ ਪੂਰਵ-ਮੁਲਾਂਕਣ ਟੀਮ ਤੋਂ ਇੱਕ ਕਾਲ ਪ੍ਰਾਪਤ ਹੋਵੇਗੀ ਜੋ ਤੁਹਾਨੂੰ ਤੁਹਾਡੀ ਆਮ ਸਿਹਤ ਅਤੇ ਡਾਕਟਰੀ ਇਤਿਹਾਸ ਬਾਰੇ ਸਵਾਲਾਂ ਦੀ ਇਕ ਲੜੀ ਪੁੱਛੇਗੀ, ਜਿਸ ਵਿੱਚ ਅੱਖਾਂ ਦੀ ਸਿਹਤ ਦਾ ਇਤਿਹਾਸ ਵੀ ਸ਼ਾਮਲ ਹੈ।
- ਤੁਹਾਡੇ ਸਫਲ ਪੂਰਵ-ਮੁਲਾਂਕਣ ਤੋਂ ਬਾਅਦ, ਸਾਡੀ ਪੂਰਵ-ਮੁਲਾਂਕਣ ਟੀਮ ਤੁਹਾਡੀ ਸ਼ੁਰੂਆਤੀ ਮੁਲਾਕਾਤ ਵਿੱਚ ਹਾਜ਼ਰ ਹੋਣ ਲਈ ਤੁਹਾਡੇ ਲਈ ਇੱਕ ਢੁਕਵੇਂ ਸਮੇਂ ਦਾ ਪ੍ਰਬੰਧ ਕਰੇਗੀ।

*ਜੇਕਰ ਸਾਨੂੰ ਪਤਾ ਲੱਗਦਾ ਹੈ ਕਿ ਤੁਸੀਂ Optegra ਵਿਖੇ ਇਲਾਜ ਲਈ ਢੁਕਵੇਂ ਨਹੀਂ ਹੋ, ਤਾਂ ਸਾਡੀ ਸਮਰਪਿਤ NHS ਟੀਮ ਤੁਹਾਡਾ ਹਵਾਲਾ ਦੇਣ ਵਾਲੇ ਨਾਲ ਸੰਪਰਕ ਕਰੇਗੀ ਅਤੇ ਉਹਨਾਂ ਨੂੰ ਸਥਾਨਕ ਟਰੱਸਟ ਕੋਲ ਜਾਣ ਦੀ ਸਲਾਹ ਦੇਵੇਗੀ।*

*"ਇਹ ਸੱਚਮੁੱਚ ਹੀ ਫਰਿਸ਼ਤਿਆਂ ਅਤੇ NHS ਵੱਲੋਂ ਦਿੱਤਾ ਗਿਆ ਇੱਕ ਤੌਹਫ਼ਾ ਰਿਹਾ ਹੈ ਅਤੇ ਮੈਂ ਦੋਸਤਾਂ ਅਤੇ ਪਰਿਵਾਰ ਨੂੰ Optegra ਦੀ ਸਿਫ਼ਾਰਿਸ਼ ਕਰਨ ਯੋਗ ਹੋਣ 'ਤੇ ਖੁਸ਼ ਹਾਂ। ਤੁਹਾਡੇ ਸਟਾਫ ਲਈ ਤੁਹਾਡੇ ਗਾਹਕਾਂ ਨੂੰ ਜੀਵਨ ਦੀ ਨਵੀਂ ਆਸ ਦੇਣ ਦੇ ਯੋਗ ਹੋਣਾ ਬਹੁਤ ਸੰਤੁਸ਼ਟੀਜਨਕ ਹੋਣਾ ਚਾਹੀਦਾ ਹੈ।"*






# ਸ਼ੁਰੂਆਤੀ ਮੁਲਾਕਾਤ

## ਇਸ ਮੁਲਾਕਾਤ ਦਾ ਉਦੇਸ਼ ਤੁਹਾਡੀਆਂ ਅੱਖਾਂ ਦੇ ਟੈਸਟ ਅਤੇ ਜਾਂਚਾਂ ਕਰਨਾ ਹੈ ਤਾਂਕਿ ਇਹ ਯਕੀਨੀ ਕੀਤਾ ਜਾਵੇ ਕਿ ਤੁਸੀਂ ਆਪਣੇ ਲਈ ਸਹੀ ਇਲਾਜ ਪ੍ਰਾਪਤ ਕਰ ਰਹੇ ਹੋ।

ਇਸ ਮੁਲਾਕਾਤ 'ਤੇ, ਅਸੀਂ ਤੁਹਾਡੀਆਂ ਅੱਖਾਂ 'ਤੇ ਅੱਖਾਂ ਨੂੰ ਫੈਲਾਉਣ ਵਾਲੀਆਂ ਬੂੰਦਾਂ ਦੀ ਵਰਤੋਂ ਕਰਾਂਗੇ। ਇਹ ਬੂੰਦਾਂ ਪ੍ਰੀ-ਆਪਰੇਟਿਵ ਟੈਸਟਿੰਗ ਵਿੱਚ ਸਹਾਇਤਾ ਕਰਨ ਲਈ ਵਰਤੀਆਂ ਜਾਂਦੀਆਂ ਹਨ। ਇਹਨਾਂ ਬੂੰਦਾਂ ਦੇ ਪ੍ਰਭਾਵ ਕਈ ਘੰਟਿਆਂ ਤੱਕ ਰਹਿ ਸਕਦੇ ਹਨ, ਇਸ ਲਈ ਅਸੀਂ ਸਿਫ਼ਾਰਿਸ਼ ਕਰਦੇ ਹਾਂ ਕਿ ਤੁਸੀਂ ਬਾਅਦ ਵਿੱਚ ਆਪਣੇ ਆਪ ਗੱਡੀ ਚਲਾ ਕੇ ਘਰ ਨਾ ਜਾਓ।

### ਉਸ ਦਿਨ...

- ਸਾਡੀ ਰਿਸੈਪਸ਼ਨਿਸਟ ਟੀਮ ਦੁਆਰਾ ਤੁਹਾਡਾ ਸੁਆਗਤ ਕੀਤਾ ਜਾਵੇਗਾ ਜੋ ਤੁਹਾਨੂੰ ਤੁਹਾਡੀ ਪਛਾਣ ਦੀ ਪੁਸ਼ਟੀ ਕਰਨ ਅਤੇ ਜ਼ਰੂਰੀ ਕਾਗਜ਼ੀ ਕਾਰਵਾਈ ਨੂੰ ਪੂਰਾ ਕਰਨ ਲਈ ਕਹੇਗੀ।
- ਸਾਡਾ ਇੱਕ ਸਿਹਤ ਦੇਖਭਾਲ ਟੈਕਨੀਸ਼ੀਅਨ ਤੁਹਾਨੂੰ ਸਾਡੇ ਡਾਇਗਨੌਸਟਿਕ ਸੂਟ ਵਿੱਚ ਲੈ ਜਾਵੇਗਾ ਅਤੇ ਡਾਇਗਨੌਸਟਿਕ ਟੈਸਟਾਂ ਦੀ ਇੱਕ ਲੜੀ ਕਰੇਗਾ।
- ਇੱਕ ਆਪਟੋਮੈਟ੍ਰਿਸਟ ਫਿਰ ਤੁਹਾਡੇ ਨਤੀਜਿਆਂ ਦੀ ਸਮੀਖਿਆ ਕਰੇਗਾ ਅਤੇ ਤੁਹਾਨੂੰ ਤੁਹਾਡੀਆਂ ਅੱਖਾਂ ਦੇ ਇਤਿਹਾਸ ਅਤੇ ਲੱਛਣਾਂ ਨਾਲ ਸੰਬੰਧਤ ਸਵਾਲਾਂ ਦੀ ਇਕ ਲੜੀ ਪੁੱਛੇਗਾ।
- ਸਾਰੇ ਉਪਲਬਧ ਵਿਕਲਪਾਂ ਸਮੇਤ ਮੋਤੀਏ ਦੀ ਸਰਜਰੀ ਦੇ ਸੰਭਾਵੀ ਖਤਰਿਆਂ ਅਤੇ ਲਾਭਾਂ 'ਤੇ ਵੀ ਚਰਚਾ ਕੀਤੀ ਜਾਵੇਗੀ।
- ਜੇਕਰ ਤੁਸੀਂ ਢੁੱਕਵੇਂ ਹੋ, ਤਾਂ ਤੁਸੀਂ ਅਤੇ ਤੁਹਾਡਾ ਆਪਟੋਮੈਟ੍ਰਿਸਟ ਤੁਹਾਡੀ ਸਹਿਮਤੀ ਦੇ ਪਹਿਲੇ ਪੜਾਅ ਨੂੰ ਪੂਰਾ ਕਰੋਗੇ।
- ਤੁਹਾਡਾ ਆਪਟੋਮੈਟ੍ਰਿਸਟ ਸਾਡੀ **NHS** ਟੀਮ ਨੂੰ ਤੁਹਾਡੇ ਨਤੀਜੇ ਬਾਰੇ ਸਲਾਹ ਦੇਵੇਗਾ। ਫਿਰ ਉਹ ਤੁਹਾਡੀ ਸਰਜਰੀ ਦਾ ਪ੍ਰਬੰਧ ਕਰਨ ਲਈ ਤੁਹਾਡੇ ਨਾਲ ਸੰਪਰਕ ਕਰਨਗੇ।

*ਜੇਕਰ ਤੁਸੀਂ ਸਰਜਰੀ ਲਈ ਢੁਕਵੇਂ ਨਹੀਂ ਹੋ, ਤਾਂ ਸਾਡੀ ਸਮਰਪਿਤ NHS ਟੀਮ ਤੁਹਾਡਾ ਹਵਾਲਾ ਦੇਣ ਵਾਲੇ ਨਾਲ ਸੰਪਰਕ ਕਰੇਗੀ ਅਤੇ ਉਹਨਾਂ ਨੂੰ ਸਥਾਨਕ ਟਰੱਸਟ ਕੋਲ ਜਾਣ ਦੀ ਸਲਾਹ ਦੇਵੇਗੀ।*



# ਸਰਜਰੀ ਦਾ ਦਿਨ

**ਮੋਤੀਏ ਦੀ ਸਰਜਰੀ UK ਵਿੱਚ ਕੀਤਾ ਜਾਣ ਵਾਲਾ ਸਭ ਤੋਂ ਸਧਾਰਨ ਆਪਰੇਸ਼ਨ ਹੈ। ਤੁਹਾਡੀ ਸਰਜਰੀ ਦੇ ਦਿਨ, ਤੁਸੀਂ ਆਮ ਤੌਰ 'ਤੇ ਹਸਪਤਾਲ ਵਿੱਚ 2 ਘੰਟਿਆਂ ਤੋਂ ਵੱਧ ਨਹੀਂ ਰਹੋਗੇ। ਤੁਹਾਡਾ ਸਰਜਰੀ ਨੂੰ ਲੈ ਕੇ ਚਿੰਤਤ ਹੋਣਾ ਆਮ ਗੱਲ ਹੈ, ਯਕੀਨ ਰੱਖੋ ਕਿ ਸਾਡੀ ਦੋਸਤਾਨਾ ਕਲੀਨਿਕਲ ਟੀਮ ਸਫ਼ਰ ਦੇ ਹਰ ਪੜਾਅ 'ਤੇ ਤੁਹਾਡਾ ਸਮਰਥਨ ਕਰੇਗੀ ਅਤੇ ਤੁਹਾਡੇ ਦਿਮਾਗ ਨੂੰ ਆਰਾਮ ਦੇਵੇਗੀ।**

**ਟੀਮ ਅਤੇ ਤੁਹਾਡਾ ਸਲਾਹਕਾਰ ਤੁਹਾਡੇ ਨਾਲ ਹਰ ਉਸ ਚੀਜ਼ ਬਾਰੇ ਗੱਲ ਕਰੇਗਾ ਜੋ ਉਹ ਤੁਹਾਨੂੰ ਆਰਾਮਦਾਇਕ ਮਹਿਸੂਸ ਕਰਵਾਉਣ ਲਈ ਕਰ ਰਹੇ ਹਨ।**

- ਸਾਡੀ ਰਿਸੈਪਸ਼ਨਿਸਟ ਟੀਮ ਦੁਆਰਾ ਤੁਹਾਡਾ ਸੁਆਗਤ ਕੀਤਾ ਜਾਵੇਗਾ।
- ਸਾਡੀ ਸਿਹਤ ਸੰਭਾਲ ਟੀਮ ਦਾ ਇੱਕ ਮੈਂਬਰ ਤੁਹਾਨੂੰ ਲੈਣ ਆਵੇਗਾ ਅਤੇ ਤੁਹਾਨੂੰ ਵਾਰਡ ਵਿੱਚ ਲੈ ਜਾਵੇਗਾ।
- ਇੱਕ ਨਰਸ ਸਰਜਰੀ ਤੋਂ ਪਹਿਲਾਂ ਦੀਆਂ ਜਾਂਚਾਂ ਨੂੰ ਪੂਰਾ ਕਰੇਗੀ ਅਤੇ ਤੁਹਾਡੀਆਂ ਅੱਖਾਂ ਵਿੱਚ ਬੂੰਦਾਂ ਪਾਵੇਗੀ।
- ਤੁਹਾਡਾ ਆਪਰੇਟਿੰਗ ਸਲਾਹਕਾਰ ਤੁਹਾਡੀ ਅੱਖ 'ਤੇ ਨਿਸ਼ਾਨ ਲਗਾਵੇਗਾ, ਜਾਂਚ ਕਰੇਗਾ ਕਿ ਕੀ ਤੁਹਾਡੇ ਕੋਈ ਹੋਰ ਸਵਾਲ ਹਨ ਅਤੇ ਪੁਸ਼ਟੀ ਕਰੇਗਾ ਕਿ ਤੁਸੀਂ ਹਾਲੇ ਵੀ ਸਰਜਰੀ ਨਾਲ ਅੱਗੇ ਵਧਣ ਲਈ ਖੁਸ਼ ਹੋ।
- ਫਿਰ ਤੁਹਾਨੂੰ ਥੀਏਟਰ ਵਿੱਚ ਲਿਜਾਇਆ ਜਾਵੇਗਾ ਜਿੱਥੇ ਸਲਾਹਕਾਰ ਦੀ ਕਲੀਨਿਕਲ ਸਹਾਇਤਾ ਟੀਮ ਦੇ ਮੈਂਬਰਾਂ ਦੁਆਰਾ ਹੋਰ ਬੂੰਦਾਂ ਦਾ ਪ੍ਰਬੰਧਨ ਕੀਤਾ ਜਾਵੇਗਾ।
- ਤੁਹਾਡਾ ਸਲਾਹਕਾਰ ਮੋਤੀਏ ਨੂੰ ਹਟਾਉਣ ਲਈ ਅੱਖ ਵਿੱਚ ਇੱਕ ਛੋਟਾ ਜਿਹਾ ਚੀਰਾ ਦੇਵੇਗਾ ਅਤੇ ਇਸਨੂੰ ਇੱਕ ਨਵੇਂ ਲੈਂਜ਼ ਨਾਲ ਬਦਲ ਦੇਵੇਗਾ।
- ਇੱਕ ਵਾਰ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ, ਆਮ ਤੌਰ 'ਤੇ 15 ਮਿੰਟਾਂ ਦੇ ਅੰਦਰ, ਤੁਹਾਨੂੰ ਇੱਕ ਆਰਾਮਦਾਇਕ ਰਿਕਵਰੀ ਲੌਂਜ ਵਿੱਚ ਲਿਜਾਇਆ ਜਾਵੇਗਾ।
- ਫਿਰ ਇੱਕ ਨਰਸ ਤੁਹਾਨੂੰ ਪੋਸਟ-ਆਪਰੇਟਿਵ ਦੇਖਭਾਲ ਦੀ ਜਾਣਕਾਰੀ ਅਤੇ ਘਰ ਲਿਜਾਣ ਲਈ ਅੱਖਾਂ ਦੀਆਂ ਬੂੰਦਾਂ ਪ੍ਰਦਾਨ ਕਰੇਗੀ।

*"ਉਸ ਦਿਨ, ਸਟਾਫ ਸ਼ਾਨਦਾਰ ਸੀ। ਜਿਸ ਸਮੇਂ ਤੋਂ ਤੁਸੀਂ ਦਾਖਲ ਹੁੰਦੇ ਹੋ ਉਹ ਬਹੁਤ ਧਿਆਨ ਰੱਖਦੇ ਹਨ, ਤੁਹਾਨੂੰ ਹਰ ਮੰਜ਼ਿਲ 'ਤੇ ਲੈ ਜਾਂਦੇ ਹਨ। ਇਹ ਬਹੁਤ ਦੇਖਭਾਲ ਕਰਨ ਵਾਲਾ ਸੀ ਅਤੇ ਮੈਂ ਸਰਜਨ ਦੇ ਮਿਜਾਜ਼ ਦੀ ਵੀ ਸ਼ਲਾਘਾ ਕੀਤੀ। ਮੇਰਾ ਦੂਜਾ ਅਪ੍ਰੇਸ਼ਨ ਦਿਨ ਦਾ ਆਖਰੀ ਸੀ ਅਤੇ ਕਾਫ਼ੀ ਸਖ਼ਤ ਮੋਤੀਆ ਸੀ ਪਰ ਉਸਨੇ ਮੈਨੂੰ ਆਰਾਮਦਾਇਕ ਮਹਿਸੂਸ ਕਰਵਾਇਆ। ਮੈਂ ਦੱਸ ਸਕਦਾ/ਦੀ ਹਾਂ ਕਿ ਉਹ ਆਪਣੇ ਸਟਾਫ ਨਾਲ ਬਹੁਤ ਵਧੀਆ ਸੀ, ਆਪਣੀ ਟੀਮ ਵਿੱਚ ਸਾਰਿਆਂ ਦਾ ਧੰਨਵਾਦ ਕਰ ਰਿਹਾ ਸੀ। ਇਹ ਉਹ ਹੁਨਰ ਹਨ ਜੋ ਮੈਂ ਲੋਕਾਂ ਨੂੰ ਸਿਖਾਉਂਦਾ ਹਾਂ!"*

***- ਮੈਗੀ ਵਿਲੀਅਮਜ਼***



# ਤੁਹਾਡੀ ਸਰਜਰੀ ਤੋਂ ਤੁਰੰਤ ਬਾਅਦ

**ਹੇਠਾਂ ਦਿੱਤੇ ਪ੍ਰਭਾਵ ਪੂਰੀ ਤਰ੍ਹਾਂ ਸਧਾਰਨ ਹਨ ਅਤੇ ਸਮੇਂ ਦੇ ਨਾਲ ਇਨ੍ਹਾਂ ਵਿੱਚ ਸੁਧਾਰ ਹੋਣਾ ਚਾਹੀਦਾ ਹੈ।**

ਤੁਸੀਂ ਇਹ ਤਜਰਬਾ ਵੀ ਕਰ ਸਕਦੇ ਹੋ:

- ਤੁਹਾਡੀ ਅੱਖ ਦੇ ਅੰਦਰ ਅਤੇ ਆਲੇ ਦੁਆਲੇ ਹਲਕੀ ਬੇਅਰਾਮੀ
- ਅੱਖ ਵਿੱਚ ਖਾਰਸ਼ ਅਤੇ ਅੱਖ ਦਾ ਚਿਪਚਿਪਾ ਮਹਿਸੂਸ ਕਰਨਾ
- ਧੁੰਦਲੀ ਦ੍ਰਿਸ਼ਟੀ
- ਤੁਹਾਡੀ ਅੱਖ ਵਿੱਚ ਕਿਰਕਿਰੀ ਮਹਿਸੂਸ ਹੋਣਾ
- ਥੋੜ੍ਹਾ ਜਿਹਾ ਸਿਰ ਦਰਦ
- ਅੱਖ ਦੇ ਆਲੇ ਦੁਆਲੇ ਦੀ ਚਮੜੀ 'ਤੇ ਝਰੀਟ ਪੈਣਾ
- ਚਮਕਦਾਰ ਰੌਸ਼ਨੀਆਂ ਨੂੰ ਦੇਖਦੇ ਸਮੇਂ ਬੇਅਰਾਮੀ

ਸਿੱਧੇ ਕਾਊਂਟਰ ਤੋਂ ਮਿਲਣ ਵਾਲੀ ਦਰਦ ਨਿਵਾਰਕ ਦਵਾਈ, ਜਿਵੇਂ ਕਿ ਪੈਰਾਸੀਟਾਮੋਲ ਜਾਂ ਆਈਬੋਪ੍ਰੋਫੇਨ ਲੈਣ ਨਾਲ ਬੇਅਰਾਮੀ ਘਟਾਉਣ ਵਿੱਚ ਮਦਦ ਮਿਲੇਗੀ। ਧੁੱਪ ਦੀਆਂ ਐਨਕਾਂ ਪਹਿਨਣ ਨਾਲ ਚਮਕਦਾਰ ਰੌਸ਼ਨੀ ਕਾਰਨ ਹੋਣ ਵਾਲੀ ਕਿਸੇ ਵੀ ਛੋਟੀ ਮਿਆਦ ਦੀ ਬੇਅਰਾਮੀ ਤੋਂ ਬਚਣ ਵਿੱਚ ਮਦਦ ਮਿਲ ਸਕਦੀ ਹੈ।

# ਸਰਜਰੀ ਤੋਂ ਬਾਅਦ ਸਲਾਹ

**ਇੱਕ ਵਾਰ ਜਦੋਂ ਤੁਸੀਂ ਘਰ ਆ ਜਾਂਦੇ ਹੋ ਤਾਂ ਤੁਹਾਨੂੰ ਆਰਾਮ ਕਰਨਾ ਚਾਹੀਦਾ ਹੈ।**

ਜੇਕਰ ਤੁਹਾਨੂੰ ਅੱਖਾਂ ਦੀ ਸ਼ੀਲਡ ਦਿੱਤੀ ਗਈ ਹੈ, ਤਾਂ ਇਸਨੂੰ ਅਗਲੀ ਸਵੇਰ ਤੱਕ ਪਹਿਨ ਕੇ ਰੱਖੋ। ਉਬਲੇ ਹੋਏ ਪਾਣੀ ਨੂੰ ਠੰਡਾ ਕਰਕੇ ਅਤੇ ਜਾਲੀਦਾਰ ਕੱਪੜੇ ਜਾਂ ਸੂਤੀ ਪੈਡ ਨਾਲ ਆਪਣੀਆਂ ਅੱਖਾਂ ਦੀਆਂ ਪਲਕਾਂ ਨੂੰ ਸਾਫ਼ ਕਰੋ, ਅਤੇ ਆਪਣੀਆਂ ਅੱਖਾਂ ਦੀਆਂ ਬੂੰਦਾਂ ਦੀ ਦਵਾਈ ਦੀ ਵਰਤੋਂ ਸ਼ੁਰੂ ਕਰੋ।

ਜੇਕਰ ਸਲਾਹ ਦਿੱਤੀ ਜਾਵੇ ਤਾਂ 7 ਰਾਤਾਂ ਲਈ ਸੌਣ ਤੋਂ ਪਹਿਲਾਂ ਅੱਖਾਂ ਦੀ ਸ਼ੀਲਡ ਨੂੰ ਦੁਬਾਰਾ ਟੇਪ ਲਗਾਉਣਾ ਯਕੀਨੀ ਕਰੋ।

# ਕੀ ਕਰਨਾ ਅਤੇ ਕੀ ਨਹੀਂ ਕਰਨਾ ਹੈ

## ਹੇਠ ਦਿੱਤੇ ਕੰਮ**ਕਰੋ**:

- ✓ ਜੇਕਰ ਅੱਖਾਂ ਦੀ ਸ਼ੀਲਡ ਪ੍ਰਦਾਨ ਕੀਤੀ ਜਾਵੇ ਅਤੇ ਸਲਾਹ ਦਿੱਤੀ ਜਾਵੇ ਤਾਂ 1 ਹਫ਼ਤੇ ਲਈ ਆਪਣੀ ਅੱਖਾਂ ਦੀ ਸ਼ੀਲਡ ਨੂੰ ਰਾਤ ਭਰ ਪਹਿਨੋ
- ✓ ਸਰਜਰੀ ਤੋਂ ਬਾਅਦ ਪਹਿਲੇ ਹਫ਼ਤੇ ਬਾਹਰ ਨਿਕਲਣ ਲੱਗੇ ਧੁੱਪ ਦੀਆਂ ਐਨਕਾਂ ਪਾਓ
- ✓ ਨਿਰਦੇਸ਼ ਅਨੁਸਾਰ ਆਪਣੀਆਂ ਨਿਰਧਾਰਤ ਕੀਤੀਆਂ ਅੱਖਾਂ ਦੀਆਂ ਬੂੰਦਾਂ ਨੂੰ ਪਾਓ
- ✓ ਧੂੰਏਂ ਵਾਲੇ ਅਤੇ ਧੂੜ ਭਰੇ ਮਾਹੌਲ ਤੋਂ ਬਚੋ
- ✓ ਸਰਜਰੀ ਤੋਂ 1 ਹਫ਼ਤੇ ਬਾਅਦ ਆਪਣੇ ਵਾਲਾਂ ਨੂੰ ਧੋਣਾ ਠੀਕ ਹੈ
- ✓ ਸਰਜਰੀ ਤੋਂ ਬਾਅਦ ਟੈਲੀਵਿਜ਼ਨ ਦੇਖਣਾ ਤੁਹਾਡੇ ਲਈ ਠੀਕ ਹੈ, ਪਰ ਪਹਿਲੇ ਕੁਝ ਦਿਨਾਂ ਲਈ ਤੁਹਾਡੀ ਦ੍ਰਿਸ਼ਟੀ ਥੋੜੀ ਧੁੰਦਲੀ ਹੋ ਸਕਦੀ ਹੈ
- ✓ ਸਰਜਰੀ ਤੋਂ ਬਾਅਦ ਸ਼ਾਵਰ ਲੈਣਾ/ਨਹਾਉਣਾ ਠੀਕ ਹੈ, ਪਰ ਅੱਖਾਂ ਵਿੱਚ ਪਾਣੀ ਪੈਣ ਤੋਂ ਬਚਣ ਲਈ ਸਿਰਫ ਗਰਦਨ ਤੋਂ ਹੇਠਾਂ ਦੇ ਹਿੱਸੇ 'ਤੇ ਪਾਣੀ ਪਾਓ।

## ਹੇਠ ਦਿੱਤੇ ਕੰਮ **ਨਾ ਕਰੋ**:

- ✗ ਜਦੋਂ ਤੱਕ ਨਿਰਦੇਸ਼ਿਤ ਨਾ ਦਿੱਤਾ ਜਾਵੇ 2 ਹਫ਼ਤਿਆਂ ਤੱਕ ਆਪਣੀਆਂ ਅੱਖਾਂ ਨੂੰ ਗਿੱਲਾ ਕਰਨਾ
- ✗ ਸਰਜਰੀ ਤੋਂ ਬਾਅਦ ਘੱਟੋ-ਘੱਟ 1 ਹਫ਼ਤੇ ਤੱਕ ਆਪਣੀਆਂ ਅੱਖਾਂ ਨੂੰ ਰਗੜਨਾ ਜਾਂ ਉਨ੍ਹਾਂ 'ਤੇ ਦਬਾਵ ਪਾਉਣਾ
- ✗ ਉਦੋਂ ਤੱਕ ਗੱਡੀ ਨਾ ਚਲਾਉਣਾ ਜਦੋਂ ਤੱਕ ਤੁਸੀਂ UK ਡ੍ਰਾਈਵਿੰਗ ਮਿਆਰ (ਜਿਵੇਂ ਕਿ 20m 'ਤੇ ਇੱਕ ਰਜਿਸਟ੍ਰੇਸ਼ਨ ਪਲੇਟ ਪੜ੍ਹਨਾ ਅਤੇ ਅਜਿਹਾ ਕਰਨ ਲਈ ਸੁਰੱਖਿਅਤ ਮਹਿਸੂਸ ਕਰਨਾ) ਦੇ ਅਨੁਸਾਰ ਕਾਨੂੰਨੀ ਲੋੜਾਂ ਨੂੰ ਪੂਰਾ ਕਰਨ ਦੇ ਯੋਗ ਨਹੀਂ ਹੋ ਜਾਂਦੇ।
- ✗ 1-2 ਹਫ਼ਤਿਆਂ ਤੱਕ ਧੂੜ ਸਾਫ ਕਰਨਾ ਜਾਂ ਵੈਕਿਊਮ ਕਰਨਾ
- ✗ 2 ਹਫ਼ਤਿਆਂ ਤੱਕ ਸੈਰ ਤੋਂ ਇਲਾਵਾ ਕੋਈ ਹੋਰ ਕਸਰਤ ਕਰਨਾ
- ✗ 2 ਹਫ਼ਤਿਆਂ ਤੱਕ ਅੱਖਾਂ ਦੀ ਕਰੀਮ ਜਾਂ ਅੱਖਾਂ ਦਾ ਮੇਕਅੱਪ ਲਗਾਉਣਾ
- ✗ ਆਰਾਮਦਾਇਕ ਮਹਿਸੂਸ ਕਰਨ ਤੱਕ ਕੁਝ ਪੜ੍ਹਨਾ
- ✗ ਬਿਨਾਂ ਤਣਾਵ ਦੇ ਆਰਾਮਦਾਇਕ ਮਹਿਸੂਸ ਕਰਨ ਤੱਕ ਕੰਪਿਊਟਰ ਦੀ ਵਰਤੋਂ ਕਰਨਾ
- ✗ 3 ਹਫ਼ਤਿਆਂ ਤੱਕ ਤੈਰਾਕੀ ਕਰਨਾ
- ✗ 4 ਹਫ਼ਤਿਆਂ ਤੱਕ ਭਾਰੀ ਭਾਰ ਚੁੱਕਣਾ, 2 ਹਫ਼ਤਿਆਂ ਤੱਕ ਹਲਕਾ ਭਾਰ ਚੁੱਕਣਾ
- ✗ 4 ਹਫ਼ਤਿਆਂ ਤੱਕ ਬਾਗਬਾਨੀ ਕਰਨਾ
- ✗ 4 ਹਫ਼ਤਿਆਂ ਤੱਕ ਖੇਡਾਂ ਦੇ ਸੰਪਰਕ ਵਿੱਚ ਆਉਣਾ
- ✗ 2 ਹਫ਼ਤਿਆਂ ਤੱਕ ਲੰਬੀ ਉਡਾਣ, 1 ਹਫ਼ਤੇ ਤੱਕ ਛੋਟੀ ਉਡਾਣ
- ✗ 2 ਹਫ਼ਤਿਆਂ ਤੱਕ ਫੇਸ਼ੀਅਲ ਕਰਵਾਉਣਾ
- ✗ 6 ਹਫ਼ਤਿਆਂ ਤੱਕ ਹੇਅਰ ਡਾਈ ਦੀ ਵਰਤੋਂ ਕਰਨਾ
- ✗ 4 ਹਫ਼ਤਿਆਂ ਤੱਕ ਸਨਬੈੱਡ ਦੀ ਵਰਤੋਂ ਕਰਨਾ
- ✗ 2 ਹਫ਼ਤਿਆਂ ਤੱਕ ਪਲਕਾਂ ਦੇ ਟਿੰਟ/ਪਰਮ ਦੀ ਵਰਤੋਂ ਕਰਨਾ
- ✗ 1 ਹਫ਼ਤੇ ਤੱਕ ਵੈਕਸ ਕਰਨਾ ਜਾਂ ਭਰਵੱਟੇ ਖਿੱਚਣਾ
- ✗ ਅਗਲੇ ਦਿਨ ਤੱਕ ਸ਼ਰਾਬ ਪੀਣਾ, ਪਰ ਅੱਖਾਂ ਦੇ ਸੁੱਕਣ ਦਾ ਧਿਆਨ ਰੱਖੋ
- ✗ 2 ਹਫ਼ਤਿਆਂ ਤੱਕ ਜੌਗ ਕਰਨਾ/ਦੌੜਨਾ

# ਆਪਣੀਆਂ ਅੱਖਾਂ ਦੀਆਂ ਬੂੰਦਾਂ ਪਾਓ

**ਆਪਣੀਆਂ ਅੱਖਾਂ ਦੀਆਂ ਬੂੰਦਾਂ ਪਾਉਣ ਤੋਂ ਪਹਿਲਾਂ ਹਮੇਸ਼ਾ ਆਪਣੇ ਹੱਥ ਧੋਵੋ।**

**ਯਕੀਨੀ ਕਰੋ ਕਿ ਤੁਸੀਂ ਲੇਬਲ ਨੂੰ ਪੜ੍ਹ ਲਿਆ ਹੈ ਅਤੇ ਇਹਨਾਂ ਸਧਾਰਨ ਕਦਮਾਂ ਦੀ ਪਾਲਣਾ ਕਰੋ:**

**ਕਦਮ 1** ਆਪਣੇ ਹੱਥ ਧੋਵੋ ਅਤੇ ਸੁਕਾਓ

**ਕਦਮ 2** ਆਪਣਾ ਸਿਰ ਪਿੱਛੇ ਵੱਲ ਝੁਕਾਓ

**ਕਦਮ 3** ਡਰਾਪਰ ਨੂੰ ਬਿਨਾਂ ਛੂਹੇ ਅੱਖ ਦੇ ਨੇੜੇ ਰੱਖੋ ਅਤੇ ਉੱਪਰ ਵੱਲ ਦੇਖੋ

**ਕਦਮ 4** ਆਪਣੀ ਅੱਖ ਵਿੱਚ ਬੂੰਦਾਂ ਦੀ ਸਿਰਫ਼ ਨਿਰਧਾਰਤ ਮਾਤਰਾ ਪਾਓ

**ਕਦਮ 5** ਜੇਕਰ ਤੁਹਾਨੂੰ ਇੱਕ ਤੋਂ ਵੱਧ ਕਿਸਮਾਂ ਦੀਆਂ ਅੱਖਾਂ ਦੀਆਂ ਬੂੰਦਾਂ ਨਿਰਧਾਰਤ ਕੀਤੀਆਂ ਗਈਆਂ ਹਨ, ਤਾਂ ਹਰੇਕ ਕਿਸਮ ਦੇ ਪ੍ਰਬੰਧਨ ਦੇ ਵਿਚਕਾਰ 5 ਮਿੰਟ ਦਾ ਸਮਾਂ ਛੱਡੋ




## ਆਪਣੀ ਅੱਖ ਨੂੰ ਸਾਫ ਕਰਨਾ

**ਆਪਣੀ ਅੱਖ ਨੂੰ ਸਾਫ਼ ਰੱਖਣ ਨਾਲ ਇਲਾਜ ਵਿੱਚ ਮਦਦ ਮਿਲ ਸਕਦੀ ਹੈ, ਅੱਖਾਂ ਦੀ ਸਰਜਰੀ ਤੋਂ ਬਾਅਦ ਹੇਠਾਂ ਦਿੱਤੇ ਕਦਮ ਸਭ ਤੋਂ ਵਧੀਆ ਢੰਗ ਹਨ:**

**ਕਦਮ 1** ਪਾਣੀ ਨੂੰ ਉਬਾਲੋ

**ਕਦਮ 2** ਠੰਢਾ ਹੋਣ ਲਈ ਛੱਡੋ, ਦਬਾਵ ਨਾ ਪਾਓ

**ਕਦਮ 3** ਬੰਦ ਅੱਖਾਂ 'ਤੇ ਸੂਤੀ ਪੈਡ ਦੀ ਵਰਤੋਂ ਕਰਕੇ ਅੱਖਾਂ ਦੀਆਂ ਪਲਕਾਂ ਨੂੰ ਹੌਲੀ-ਹੌਲੀ ਪੂੰਝੋ

**ਕਦਮ 4** ਹਰ ਵਾਰ ਜਦੋਂ ਤੁਸੀਂ ਅੱਖ ਪੂੰਝਦੇ ਹੋ ਤਾਂ ਇੱਕ ਵੱਖਰੇ ਸੂਤੀ ਪੈਡ ਦੀ ਵਰਤੋਂ ਕਰੋ। ਦੋਨੋਂ ਅੱਖਾਂ ਪੂੰਝਣ ਲਈ ਕਦੇ ਵੀ ਇੱਕੋ ਪੈਡ ਦੀ ਵਰਤੋਂ ਨਾ ਕਰੋ



# ਤੁਹਾਡੀ ਪੋਸਟ-ਆਪਰੇਟਿਵ ਮੁਲਾਕਾਤ 'ਤੇ ਕੀ ਉਮੀਦ ਕਰਨੀ ਹੈ

**ਤੁਹਾਡੀ ਪੋਸਟ- ਆਪਰੇਟਿਵ ਮੁਲਾਕਾਤ ਦਾ ਉਦੇਸ਼ ਤੁਹਾਡੀ ਅੱਖ ਦੀ ਸਿਹਤ ਦੀ ਜਾਂਚ ਕਰਨਾ ਅਤੇ ਸਰਜਰੀ ਤੋਂ ਬਾਅਦ ਤੁਹਾਡੀ ਦ੍ਰਿਸ਼ਟੀ ਦੀ ਜਾਂਚ ਕਰਨਾ ਹੈ।**

**ਤੁਹਾਡਾ ਪੋਸਟ- ਆਪਰੇਟਿਵ ਮੁਲਾਂਕਣ ਜਾਂ ਤਾਂ ਤੁਹਾਡੇ ਆਪਟੀਸ਼ੀਅਨ ਦੀ ਪ੍ਰੈਕਟਿਸ ਜਾਂ Optegra 'ਤੇ ਬੁੱਕ ਕੀਤਾ ਜਾਵੇਗਾ।**

- ਤੁਹਾਨੂੰ ਤੁਹਾਡੇ ਆਪਟੀਸ਼ੀਅਨ ਤੋਂ ਇੱਕ ਕਾਲ ਪ੍ਰਾਪਤ ਹੋਵੇਗੀ ਜਾਂ ਤੁਹਾਨੂੰ ਤੁਹਾਡੇ ਆਪ੍ਰੇਸ਼ਨ ਦੇ 3 ਹਫ਼ਤਿਆਂ ਦੇ ਅੰਦਰ Optegra ਦੀ ਬੁਕਿੰਗ ਟੀਮ ਤੋਂ ਇੱਕ ਮੁਲਾਕਾਤ ਦੀ ਤਾਰੀਖ ਪ੍ਰਾਪਤ ਹੋਵੇਗੀ।
- ਤੁਹਾਡਾ ਪੋਸਟ-ਆਪਰੇਟਿਵ ਮੁਲਾਂਕਣ ਤੁਹਾਡੀ ਸਰਜਰੀ ਤੋਂ 4-6 ਹਫ਼ਤਿਆਂ ਬਾਅਦ ਨਿਯਤ ਕੀਤਾ ਜਾਵੇਗਾ।
- ਜੇਕਰ ਤੁਹਾਨੂੰ ਆਪਣੀ ਦੂਜੀ ਅੱਖ ਦੀ ਸਰਜਰੀ ਦੀ ਲੋੜ ਹੈ, ਤਾਂ ਅਸੀਂ ਇਸ ਮੁਲਾਕਾਤ ਲਈ ਤਾਰੀਖ ਬੁੱਕ ਕਰਨ ਲਈ ਤੁਹਾਡੇ ਨਾਲ ਸੰਪਰਕ ਕਰਾਂਗੇ।
- ਜੇਕਰ ਤੁਹਾਡੀ ਮੁਲਾਕਾਤ ਤੁਹਾਡੇ ਸਥਾਨਕ ਆਪਟੀਸ਼ੀਅਨ ਨਾਲ ਹੈ, ਤਾਂ ਤੁਹਾਡੇ ਨਤੀਜੇ Optegra ਨੂੰ ਵਾਪਸ ਭੇਜ ਦਿੱਤੇ ਜਾਣਗੇ।
- ਤੁਹਾਡੀ ਅੰਤਮ ਪੋਸਟ- ਆਪਰੇਟਿਵ ਮੁਲਾਕਾਤ ਤੋਂ ਬਾਅਦ, ਤੁਹਾਡਾ ਆਪਟੋਮੈਟ੍ਰਿਸਟ ਜਾਂ Optegra ਪੁਸ਼ਟੀ ਕਰੇਗਾ ਕਿ ਸਭ ਠੀਕ ਹੈ ਅਤੇ ਤੁਹਾਨੂੰ ਅਧਿਕਾਰਤ ਤੌਰ 'ਤੇ ਸਾਡੀ ਦੇਖਭਾਲ ਤੋਂ ਡਿਸਚਾਰਜ ਕਰ ਦਿੱਤਾ ਜਾਵੇਗਾ।
- ਡਿਸਚਾਰਜ ਤੋਂ ਬਾਅਦ, ਕਿਰਪਾ ਕਰਕੇ ਆਪਣੇ ਸਥਾਨਕ ਆਪਟੋਮੈਟ੍ਰਿਸਟ ਨਾਲ ਆਪਣੇ ਰੁਟੀਨ ਦ੍ਰਿਸ਼ਟੀ ਟੈਸਟਾਂ ਦਾ ਪ੍ਰਬੰਧ ਕਰਨਾ ਜਾਰੀ ਰੱਖੋ।

# ਸਾਡੀ ਕਲੀਨਿਕਲ ਸਲਾਹ ਟੀਮ ਨਾਲ ਸੰਪਰਕ ਕਰੋ

## ਜੇਕਰ ਤੁਸੀਂ ਹੇਠ ਲਿਖੇ ਲੱਛਣਾਂ ਵਿੱਚੋਂ ਕਿਸੇ ਦਾ ਵੀ ਅਨੁਭਵ ਕਰਦੇ ਹੋ, ਤਾਂ ਕਿਰਪਾ ਕਰਕੇ ਤੁਰੰਤ Optegra ਨਾਲ ਸੰਪਰਕ ਕਰੋ:

- ਅੱਖ ਦੇ ਅੰਦਰ ਜਾਂ ਆਲੇ ਦੁਆਲੇ ਟੀਸ ਪੈਣਾ ਜਾਂ ਗੰਭੀਰ ਦਰਦ, ਜੋ ਐਨਲਜੀਸੀਆ (ਦਰਦ ਨਿਵਾਰਕ ਦਵਾਈਆਂ) ਦੁਆਰਾ ਘੱਟ ਨਹੀਂ ਹੁੰਦਾ;
- ਮਤਲੀ ਅਤੇ ਉਲਟੀ ਦੇ ਨਾਲ ਜਾਂ ਬਿਨਾਂ ਇਨ੍ਹਾਂ ਦੇ ਸਿਰ ਦੇ ਅਗਲੇ ਪਾਸੇ ਗੰਭੀਰ ਦਰਦ ਹੋਣਾ;
- ਅਚਾਨਕ ਵਿਗਾੜ ਜਾਂ ਦ੍ਰਿਸ਼ਟੀ ਦਾ ਨੁਕਸਾਨ;
- ਗੰਭੀਰ ਫੋਟੋਫੋਬੀਆ (ਜਦੋਂ ਅੱਖਾਂ ਕਿਸੇ ਵੀ ਕਿਸਮ ਦੀ ਰੋਸ਼ਨੀ ਦੇ ਸੰਪਰਕ ਵਿੱਚ ਆਉਂਦੀਆਂ ਹਨ ਤਾਂ ਕਾਫ਼ੀ ਦਰਦ), ਤੁਹਾਡੀ ਅੱਖ ਦੇ ਅੰਦਰ ਜਾਂ ਆਲੇ ਦੁਆਲੇ ਲਾਲੀ, ਡਿਸਚਾਰਜ, ਸੋਜਸ਼ ਵਧਣਾ;
- ਤੁਹਾਡੀ ਦ੍ਰਿਸ਼ਟੀ ਦੇ ਖੇਤਰ ਵਿੱਚ ਕਾਲੀ ਬਿੰਦੀਆਂ, ਚਟਾਕ ਜਾਂ ਧਾਰੀਆਂ ਦਾ ਅਚਾਨਕ ਪ੍ਰਗਟ ਹੋਣਾ, ਤੁਹਾਡੀ ਅੱਖ ਵਿੱਚ ਝਲਕਾਰੇ ਜਾਂ ਰੋਸ਼ਨੀ ਦੀ ਝਲਕ;
- ਦ੍ਰਿਸ਼ਟੀ ਦੇ ਅੱਗੇ ਇੱਕ ਪਰਛਾਵਾਂ ਜਾਂ ਕਾਲਾ ਪਰਦਾ ਆਉਣਾ ।

ਜੇਕਰ ਇਹ ਆਮ ਕੰਮਕਾਜੀ ਘੰਟਿਆਂ ਤੋਂ ਬਾਹਰ ਦਾ ਸਮਾਂ ਹੈ ਅਤੇ ਤੁਸੀਂ ਉੱਪਰ ਦਿੱਤੇ ਲੱਛਣਾਂ ਵਿੱਚੋਂ ਕਿਸੇ ਦਾ ਅਨੁਭਵ ਕਰ ਰਹੇ ਹੋ, ਤਾਂ ਕਿਰਪਾ ਕਰਕੇ ਹੋਰ ਸਲਾਹ ਲਈ ਐਮਰਜੈਂਸੀ ਆਨ-ਕਾਲ ਟੀਮ ਨੂੰ ਕਾਲ ਕਰੋ।

**ਫ਼ੋਨ ਨੰਬਰ ਇੱਥੇ ਰੱਖੋ**



# ਅਕਸਰ ਪੁੱਛੇ ਜਾਣ ਵਾਲੇ ਸਵਾਲ

## ਕੀ ਉਮੀਦ ਕਰਨੀ ਹੈ...

| ਸਵਾਲ | ਜਵਾਬ |
| --- | --- |
| ਮੇਰੀਆਂ ਅੱਖਾਂ ਦੀਆਂ ਪੁਤਲੀਆਂ ਦੇ ਬੂੰਦਾਂ ਪਾਉਣ ’ਤੇ ਫੈਲਣ ਤੋਂ ਕਿੰਨੀ ਦੇਰ ਬਾਅਦ ਮੈਂ ਗੱਡੀ ਚਲਾ ਸਕਦਾ/ਸਕਦੀ ਹਾਂ? | ਹਰ ਮਰੀਜ਼ ਅੱਖਾਂ ਨੂੰ ਫੈਲਾਉਣ ਵਾਲੀਆਂ ਬੂੰਦਾਂ ਤੋਂ ਬਾਅਦ ਵੱਖਰੇ ਢੰਗ ਨਾਲ ਪ੍ਰਤੀਕਿਰਿਆ ਦਿੰਦਾ ਹੈ। ਵੱਧ ਤੋਂ ਵੱਧ ਰਿਕਵਰੀ ਦੀ ਇਜਾਜ਼ਤ ਦੇਣ ਲਈ ਅਸੀਂ ਬਾਕੀ ਬਚੇ ਦਿਨ ਲਈ ਗੱਡੀ ਨਾ ਚਲਾਉਣ ਦੀ ਸਿਫ਼ਾਰਸ਼ ਕਰਦੇ ਹਾਂ। |
| ਮੇਰੀ ਸ਼ੁਰੂਆਤੀ ਮੁਲਾਕਾਤ ਤੋਂ ਬਾਅਦ ਕਿੰਨੀ ਜਲਦੀ ਮੇਰੀ ਸਰਜਰੀ ਹੋਵੇਗੀ? | ਸਰਜਰੀ ਆਮ ਤੌਰ ’ਤੇ ਤੁਹਾਡੀ ਸ਼ੁਰੂਆਤੀ ਮੁਲਾਕਾਤ ਤੋਂ 4-6 ਹਫ਼ਤਿਆਂ ਬਾਅਦ ਹੋਵੇਗੀ। |
| ਮੇਰੀ ਸਰਜਰੀ ਤੋਂ ਬਾਅਦ ਪੋਸਟ-ਸਰਜਰੀ ਫਾਲੋ-ਅੱਪ ਕਿੰਨੇ ਹਫ਼ਤਿਆਂ ਬਾਅਦ ਹੋਵੇਗਾ? | ਤੁਹਾਡਾ ਪੋਸਟ ਸਰਜਰੀ ਫਾਲੋ-ਅੱਪ ਜਾਂਚ ਪ੍ਰਕਿਰਿਆ ਦੇ ਲਗਭਗ 4 ਹਫ਼ਤਿਆਂ ਬਾਅਦ ਹੋਵੇਗਾ। |
| ਕੀ ਮੈਂ ਪ੍ਰਕਿਰਿਆ ਦੌਰਾਨ ਜਾਗਦਾ/ਦੀ ਹੋਵਾਂਗਾ/ਗੀ? | ਹਾਂ। Optegra ਸਥਾਨਕ ਐਨੈਸਥੀਜ਼ੀਆਂ ਦੀ ਵਰਤੋਂ ਕਰਕੇ NHS ਮੋਤੀਏ ਦੀਆਂ ਪ੍ਰਕਿਰਿਆਵਾਂ ਕਰਦਾ ਹੈ। |
| ਮੈਂ ਸਰਜਰੀ ਤੋਂ ਬਾਅਦ ਕਿੰਨੀ ਦੇਰ ਬਾਅਦ ਗੱਡੀ ਚਲਾ ਸਕਦਾ/ਸਕਦੀ ਹਾਂ? | ਤੁਹਾਨੂੰ 20 ਮੀਟਰ ਦੀ ਦੂਰੀ ਤੋਂ 1 ਸਤੰਬਰ 2001 ਤੋਂ ਬਾਅਦ ਬਣਾਈ ਗਈ ਇੱਕ ਕਾਰ ਨੰਬਰ ਪਲੇਟ ਨੂੰ ਪੜ੍ਹਨ ਦੇ ਯੋਗ ਹੋਣਾ ਚਾਹੀਦਾ ਹੈ (ਜੇ ਲੋੜ ਹੋਵੇ ਤਾਂ ਐਨਕਾਂ ਜਾਂ ਕਾਂਟੈਕਟ ਲੈਂਜ਼ਾਂ ਨਾਲ)।<br><br>ਜੇਕਰ ਸਿਰਫ ਇੱਕ ਅੱਖ ਦਾ ਆਪ੍ਰੇਸ਼ਨ ਕੀਤਾ ਜਾਂਦਾ ਹੈ ਤਾਂ ਤੁਹਾਨੂੰ ਦੋਨੋਂ ਅੱਖਾਂ ਨੂੰ ਖੋਲ ਕੇ ਅਤੇ ਬਿਨਾਂ ਦੋਹਰੀ ਦ੍ਰਿਸ਼ਟੀ ਦੇ ਗੱਡੀ ਚਲਾਉਣ ਵਿੱਚ ਆਰਾਮਦਾਇਕ ਮਹਿਸੂਸ ਕਰਨਾ ਚਾਹੀਦਾ ਹੈ। ਜਦੋਂ ਤੱਕ ਤੁਸੀਂ ਪੂਰੀ ਤਰ੍ਹਾਂ ਆਰਾਮਦਾਇਕ ਨਾ ਹੋਵੋ ਉਦੋਂ ਤੱਕ ਗੱਡੀ ਨਾ ਚਲਾਓ। |
| ਕੀ ਮੇਰੀ ਦ੍ਰਿਸ਼ਟੀ ਤੁਰੰਤ ਸਾਫ਼ ਹੋ ਜਾਵੇਗੀ? | ਨਹੀਂ। ਕਿਰਕਿਰ ਮਹਿਸੂਸ ਹੋਣਾ, ਪਾਣੀ ਭਰਨਾ, ਧੁੰਦਲੀ/ਦੋਹਰੀ ਨਜ਼ਰ ਜਾਂ ਅੱਖ ਦੀ ਲਾਲ੍ਹੀ ਹੋਣਾ ਜਾਂ ਅੱਖ ਵਿੱਚ ਖੂਨ ਦਿਖਣਾ ਆਮ ਗੱਲ ਹੈ। ਹਲਕੀ ਰੋਸ਼ਨੀ ਤੋਂ ਸੰਵੇਦਨਸ਼ੀਲਤਾ ਆਮ ਹੈ। ਇਹ ਲੱਛਣ ਆਮ ਤੌਰ ’ਤੇ ਕੁਝ ਦਿਨਾਂ ਬਾਅਦ ਸੁਧਰ ਜਾਂਦੇ ਹਨ ਪਰ ਪੂਰੀ ਤਰ੍ਹਾਂ ਠੀਕ ਹੋਣ ਲਈ 4-6 ਹਫ਼ਤੇ ਲੱਗ ਸਕਦੇ ਹਨ। |
| ਰਿਕਵਰੀ ਵਿੱਚ ਕਿੰਨਾ ਸਮਾਂ ਲੱਗਦਾ ਹੈ? | ਸਰਜਰੀ ਤੋਂ ਠੀਕ ਹੋਣ ਦਾ ਸਮਾਂ ਲਗਭਗ ਛੇ ਹਫ਼ਤੇ ਮੰਨਿਆ ਜਾਂਦਾ ਹੈ। ਜੇ ਲੋੜ ਹੋਵੇ ਤਾਂ ਪਹਿਲੇ ਕੁਝ ਦਿਨਾਂ ਦੌਰਾਨ ਸਿੱਧੇ ਕਾਊਂਟਰ ਤੋਂ ਮਿਲਣ ਵਾਲੀ ਦਰਦ ਨਿਵਾਰਕ ਦਵਾਈਆਂ, ਜਿਵੇਂ ਕਿ ਪੈਰਾਸੀਟਾਮੋਲ ਲਈਆਂ ਜਾ ਸਕਦੀਆਂ ਹਨ। |
| ਕੀ ਮੈਨੂੰ ਸਰਜਰੀ ਤੋਂ ਬਾਅਦ ਐਨਕਾਂ ਜਾਂ ਕਾਂਟੈਕਟ ਲੈਂਜ਼ ਪਹਿਨਣ ਦੀ ਲੋੜ ਪਵੇਗੀ? | ਜ਼ਿਆਦਾਤਰ ਮਰੀਜ਼ ਆਪਣੇ ਮੋਤੀਏ ਦੇ ਇਲਾਜ ਤੋਂ ਬਾਅਦ ਕਾਂਟੈਕਟ ਲੈਂਜ਼ ਜਾਂ ਐਨਕਾਂ ਪਹਿਨਣਾ ਜਾਰੀ ਰੱਖਣਗੇ। ਜੇਕਰ ਤੁਸੀਂ ਪ੍ਰੀਮੀਅਮ ਲੈਂਜ਼ ਨਾਲ ਮੋਤੀਏ ਦੀ ਸਰਜਰੀ ਕਰਵਾਈ ਹੈ, ਤਾਂ ਤੁਹਾਨੂੰ ਤੁਹਾਡੇ ਸਲਾਹਕਾਰ ਦੁਆਰਾ ਸਲਾਹ ਦਿੱਤੀ ਜਾਵੇਗੀ। |

# ਤੁਹਾਡੇ ਵਰਗੇ ਮਰੀਜ਼ Optegra ’ਤੇ ਵਿਸ਼ਵਾਸ ਕਿਉਂ ਕਰਦੇ ਹਨ

## NHS ਮੋਤੀਆ ਸੇਵਾਵਾਂ ਦੀ ਤੇਜ਼ੀ ਨਾਲ ਡਿਲੀਵਰੀ ਨੂੰ ਯਕੀਨੀ ਕਰਨ ਲਈ NHS Optegra ਨਾਲ ਸਾਂਝੇਦਾਰੀ ਕਰ ਰਿਹਾ ਹੈ।

ਮਰੀਜ਼ਾਂ ਅਤੇ ਪੇਸ਼ੇਵਰਾਂ ਦੁਆਰਾ ਸਮਾਨ ਰੂਪ ਵਿਚ Optegra ਦੀ ਚੋਣ ਕਰਨ ਵਿੱਚ ਵਾਧਾ ਹੋ ਰਿਹਾ ਹੈ, ਅਤੇ ਸਾਨੂੰ Trustpilot ਅਤੇ Doctify ਦੋਨਾਂ ’ਤੇ ਉੱਚ ਦਰਜਾ ਪ੍ਰਾਪਤ ਹੋਣ ’ਤੇ ਮਾਣ ਹੈ।

ਭਾਵੇਂ ਇਹ NHS ਹੋਵੇ ਜਾਂ ਪ੍ਰਾਈਵੇਟ, ਸਾਡਾ ਮੰਨਣਾ ਹੈ ਕਿ ਲੋਕਾਂ ਨੂੰ ਜਿੰਨਾਂ ਜਿਆਦਾ ਹੋ ਸਕੇ ਸਭ ਤੋਂ ਵਧੀਆ ਢੰਗ ਨਾਲ ਦਿਖਾਈ ਦੇਣਾ ਚਾਹੀਦਾ ਹੈ।

**T**

ਮਰੀਜ਼ਾਂ ਦੇ ਅਨੁਸਾਰ ਉੱਚ ਦਰਜੇ ਦਾ ਅੱਖਾਂ ਦਾ ਹਸਪਤਾਲ

**R**

ਨਤੀਜੇ ਸ਼ਾਨਦਾਰ ਅਤੇ ਇਕਸਾਰ ਹਨ

**U**

UK ਦੇ ਸਮਰਪਿਤ ਅੱਖਾਂ ਦੇ ਹਸਪਤਾਲਾਂ ਦਾ ਸਭ ਤੋਂ ਵੱਡਾ ਨੈਟਵਰਕ

**S**

ਸਰਜਨ ਜੋ ਅੱਖਾਂ ਦੀ ਦੇਖਭਾਲ ਦੇ ਖੇਤਰ ਵਿੱਚ ਵਚਨਬੱਧ ਮਾਹਰ ਹਨ

**T**

ਅੱਖਾਂ ਦੀਆਂ ਜ਼ਿਆਦਾਤਰ ਸਥਿਤੀਆਂ ਲਈ ਇਲਾਜ

**www.optegra.com**

Trustpilot

Top-Rated 2020 Doctify

NHS



# Optegra ਆਈ ਕਲੀਨਿਕ ਵਿਖੇ ਤੁਹਾਡਾ ਸੁਆਗਤ ਹੈ।

Optegra ਆਈ ਹੈਲਥ ਕੇਅਰ ਅੱਖਾਂ ਦੀ ਸ਼ਾਨਦਾਰ ਦੇਖਭਾਲ ਪ੍ਰਦਾਨ ਕਰਨ ਲਈ ਸਮਰਪਿਤ ਹੈ।

ਅਸੀਂ ਮਰੀਜ਼ਾਂ ਦੀ ਦੇਖਭਾਲ ਦੇ ਉੱਚੇ ਮਿਆਰਾਂ ਲਈ ਵਚਨਬੱਧ ਹਾਂ ਇਹੀ ਕਾਰਨ ਹੈ ਕਿ ਸਾਡੇ ਹਸਪਤਾਲ ਕੇਅਰ ਕੁਆਲਿਟੀ ਕਮਿਸ਼ਨ (CQC) ਦੁਆਰਾ ਕਮੀਸ਼ਨ ਦਿੱਤਾ ਗਿਆ ਹੈ। ਅਸੀਂ ਅੱਖਾਂ ਦੀ ਦੇਖਭਾਲ ਵਿੱਚ ਮਾਹਰ ਹਾਂ; ਸਾਡੇ ਸਾਰੇ ਸਲਾਹਕਾਰ NHS ਦੁਆਰਾ ਸਿਖਲਾਈਬੱਧ ਹਨ।

ਤੁਹਾਡੀ ਯਾਤਰਾ ਦੇ ਸਾਰੇ ਚਰਣਾਂ ਦੌਰਾਨ, ਸਾਡੀ ਸਮਰਪਿਤ ਟੀਮ ਇਹ ਯਕੀਨੀ ਕਰਨ ਵਾਸਤੇ ਤੁਹਾਡੇ ਨਾਲ ਰਹੇਗੀ ਕਿ ਤੁਸੀਂ ਇਲਾਜ ਪ੍ਰਕਿਰਿਆ ਦੇ ਦੌਰਾਨ ਸਹਿਜ, ਤਣਾਅਮੁਕਤ ਅਤੇ ਸੂਚਿਤ ਮਹਿਸੂਸ ਕਰੋਂ।

**"ਸਾਡੇ ਮਰੀਜ਼ਾਂ ਦੀ ਦੇਖਭਾਲ Optegra ਵਿਖੇ ਸਾਡੇ ਦੁਆਰਾ ਲਏ ਗਏ ਹਰ ਫੈਸਲੇ ਵਿੱਚ ਸਭ ਤੋਂ ਅੱਗੇ ਹੈ"**

**Richard Armitage**
NHS ਨਿਦੇਸ਼ਕ





ਕਿਰਪਾ ਕਰਕੇ ਆਪਣੇ ਆਪਟੋਮੈਟ੍ਰਿਸਟ ਨੂੰ ਕਹੋ ਕਿ ਉਹ ਤੁਹਾਨੂੰ Optegra ਆਈ ਹੈਲਥ ਕੇਅਰ ਕੋਲ ਭੇਜੇ।

Optegra EYE HEALTH CARE

NHS

# ਮੋਤੀਏ ਦੇ ਇਲਾਜ ਦੇ ਉੱਨਤ ਵਿਕਲਪ

ਸਿੰਗਲ ਫੋਕਸ ਲੈਂਜ਼ (ਮੋਨੋਫੋਕਲ) ਇਮਪਲਾਂਟ ਦੇ ਨਾਲ ਮਿਆਰੀ ਮੋਤੀਆ ਸਰਜਰੀ, ਜੋ NHS ਫੰਡਿਡ ਸੇਵਾਵਾਂ ਦੁਆਰਾ ਪ੍ਰਦਾਨ ਕੀਤੀ ਗਈ ਹੈ, ਬਹੁਤ ਸਾਰੇ ਲੋਕਾਂ ਲਈ ਢੁਕਵੀਂ ਹੈ। ਹਾਲਾਂਕਿ, ਮੋਤੀਏ ਦੇ ਇਲਾਜ ਬਾਰੇ ਵਿਚਾਰ ਕਰਨ ਵਾਲੇ ਕਿਸੇ ਵੀ ਵਿਅਕਤੀ ਲਈ ਅੱਜ ਉਪਲਬਧ ਵਧੇਰੇ ਉੱਨਤ ਲੈਂਜ਼ ਇਮਪਲਾਂਟ ਵਿਕਲਪਾਂ ਦੀ ਵਿਸ਼ਾਲ ਸ਼੍ਰੇਣੀ ਤੋਂ ਜਾਣੂ ਹੋਣਾ ਮਹੱਤਵਪੂਰਨ ਹੈ।

ਜੇਕਰ ਤੁਸੀਂ ਮੋਤੀਏ ਦੀ ਸਰਜਰੀ ਤੋਂ ਬਾਅਦ ਐਨਕਾਂ 'ਤੇ ਘੱਟ ਨਿਰਭਰ ਹੋ ਕੇ ਜੀਵਨ ਦਾ ਆਨੰਦ ਲੈਣ ਦੀ ਮਜ਼ਬੂਤ ਤਰਜੀਹ ਰੱਖਦੇ ਹੋ, ਤਾਂ ਇੱਥੇ ਦਿਖਾਈਆਂ ਗਈਆਂ ਇੱਕ ਜਾਂ ਵੱਧ ਤਕਨੀਕਾਂ ਤੁਹਾਡੇ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਸਾਡੀ ਮਦਦ ਕਰ ਸਕਦੀਆਂ ਹਨ। ਰਾਇਲ ਕਾਲਜ ਆਫ਼ ਔਫਥਲਮੋਲੋਜਿਸਟਸ ਅਤੇ ਜਨਰਲ ਮੈਡੀਕਲ ਕਾਉਂਸਿਲ ਗਾਈਡੈਂਸ ਦੇ ਅਨੁਸਾਰ ਅਸੀਂ ਇੰਟਰਾ ਓਕਿਉਲਰ ਲੈਂਜ਼ (IOL) ਤਕਨਾਲੋਜੀ ਵਿੱਚ ਕੁਝ ਪ੍ਰਮੁੱਖ ਵਿਕਾਸ ਦੀ ਰੂਪਰੇਖਾ ਦਿੰਦੇ ਹਾਂ ਜੋ Optegra ਉਹਨਾਂ ਦੀ ਨਿੱਜੀ ਮੋਤੀਆ ਸਰਜਰੀ ਸੇਵਾ ਵਿੱਚ ਪ੍ਰਦਾਨ ਕਰਦਾ ਹੈ।

NHS ਸੇਵਾਵਾਂ ਦੁਆਰਾ ਭੇਜੇ ਗਏ ਮਰੀਜ਼ ਸਾਡੀ ਨਿੱਜੀ ਮੋਤੀਆ ਸਰਜਰੀ ਸੇਵਾ ਵਿੱਚ ਤਬਦੀਲੀ ਕਰਨ ਦੀ ਬੇਨਤੀ ਕਰਕੇ ਹੇਠਾਂ ਦੱਸੇ ਗਏ ਕਿਸੇ ਵੀ ਵਿਕਲਪ 'ਤੇ ਵਿਚਾਰ ਕਰ ਸਕਦੇ ਹਨ।





## ਮਲਟੀਫੋਕਲ ਲੈਂਜ਼ ਇਮਪਲਾਂਟ

ਇਹ ਇਮਪਲਾਂਟ ਆਮ ਦਿਨ ਪ੍ਰਤੀ ਦਿਨ (ਦੂਰ) ਦੀ ਦ੍ਰਿਸ਼ਟੀ ਦੇ ਨਾਲ- ਨਾਲ ਨਜ਼ਦੀਕੀ ਦ੍ਰਿਸ਼ਟੀ ਜਿਵੇਂ ਕਿ ਮੀਨੂ, ਰਸਾਲੇ ਪੜ੍ਹਨ ਅਤੇ ਸਮਾਰਟਫੋਨ ਦੀ ਵਰਤੋਂ ਕਰਨ ਲਈ ਐਨਕਾਂ ਤੋਂ ਆਜ਼ਾਦੀ ਦੇ ਬਹੁਤ ਉੱਚੇ ਪੱਧਰ ਦੀ ਸੰਭਾਵਨਾ ਦੀ ਪੇਸ਼ਕਸ਼ ਕਰਦੇ ਹਨ।



## ਵਿਸਤ੍ਰਿਤ ਫੋਕਸ ਲੈਂਜ਼ ਇਮਪਲਾਂਟ

ਇਹ ਇਮਪਲਾਂਟ ਸ਼ਾਨਦਾਰ ਦੂਰ ਦੀ ਦ੍ਰਿਸ਼ਟੀ ਪ੍ਰਦਾਨ ਕਰਦੇ ਹੋਏ ਕੰਪਿਊਟਰ ਡਿਸਪਲੇ/ਲੈਪਟਾਪਾਂ ਨਾਲ ਕੰਮ ਕਰਨ ਲਈ ਐਨਕਾਂ ਤੋਂ ਆਜ਼ਾਦੀ ਪ੍ਰਾਪਤ ਕਰਨ ਦੀ ਸਰਵੋਤਮ ਸੰਭਾਵਨਾ ਦੀ ਪੇਸ਼ਕਸ਼ ਕਰਦੇ ਹਨ।





## ਫੀਲਡ ਦੀ ਵਧੀ ਹੋਈ ਡੂੰਘਾਈ ਵਾਲੇ ਲੈਂਜ਼ ਇਮਪਲਾਂਟ

ਇਹ ਇਮਪਲਾਂਟ 1-3 ਮੀਟਰ ਦੀ ਰੇਂਜ 'ਤੇ ਇੱਕ ਸੁਧਰਿਆ ਦ੍ਰਿਸ਼ਟੀ ਤਜਰਬਾ ਪ੍ਰਦਾਨ ਕਰਦੇ ਹਨ - ਅਤੇ ਖਾਸ ਤੌਰ 'ਤੇ ਉਹਨਾਂ ਮਰੀਜ਼ਾਂ ਲਈ ਵਿਚਾਰ ਕਰਨ ਲਈ ਲਾਭਦਾਇਕ ਹਨ ਜੋ ਆਪਟੀਕਲ ਦੇ ਘੱਟੋ ਤੋਂ ਘੱਟ ਮਾੜੇ ਪ੍ਰਭਾਵ ਚਾਹੁੰਦੇ ਹਨ ਪਰ ਦਰਮਿਆਨੀ ਰੇਂਜ ਲਈ ਸੁਧਰੇ ਹੋਏ ਦ੍ਰਿਸ਼ਟੀ ਪ੍ਰਦਰਸ਼ਨ ਦੀ ਵੀ ਕਦਰ ਕਰਦੇ ਹਨ।

## ਟੋਰਿਕ ਲੈਂਜ਼ ਇਮਪਲਾਂਟ

ਇਹ ਇਮਪਲਾਂਟ ਕਾਉਂਟਰਐਕਟ ਐਸਟਿਗਮੈਟਿਜ਼ਮ - ਇੱਕ ਆਪਟੀਕਲ ਵਿਗਾੜ ਜੋ ਅਕਸਰ ਕੋਰਨੀਅਲ ਆਕਾਰ ਦੀਆਂ ਅਸਧਾਰਨਤਾਵਾਂ ਤੋਂ ਪੈਦਾ ਹੁੰਦਾ ਹੈ, ਦਾ ਮੁਕਾਬਲਾ ਕਰਨ ਲਈ ਤਿਆਰ ਕੀਤੇ ਗਏ ਹਨ। ਮੋਤੀਏ ਦੇ ਇਲਾਜ ਵਿੱਚ ਦੇਖੇ ਗਏ ਲਗਭਗ 20% ਮਰੀਜ਼ਾਂ ਵਿੱਚ ਕੁਝ ਹੱਦ ਤੱਕ ਐਸਟਿਗਮੈਟਿਜ਼ਮ ਮੌਜੂਦ ਹੁੰਦਾ ਹੈ।



ਐਸਟਿਗਮੈਟਿਜ਼ਮ ਤੋਂ ਬਿਨਾ



ਐਸਟਿਗਮੈਟਿਜ਼ਮ ਦੇ ਨਾਲ

ਮਲਟੀਫੋਕਲ ਅਤੇ EDOF IOLs ਟੋਰਿਕ ਫਾਰਮੈਟ ਵਿੱਚ ਵੀ ਉਪਲਬਧ ਹਨ ਤਾਂ ਜੋ ਜਿੱਥੇ ਐਸਟਿਗਮੈਟਿਜ਼ਮ ਦੀ ਮੌਜੂਦਗੀ ਪਾਈ ਜਾਂਦੀ ਹੈ ਉੱਥੇ ਨਤੀਜਿਆਂ ਵਿੱਚ ਸੁਧਾਰ ਕਰਨ ਵਿੱਚ ਮਦਦ ਕੀਤੀ ਜਾ ਸਕੇ ।

ਉੱਨਤ ਤਕਨਾਲੋਜੀ ਲੈਂਜ਼ ਇਮਪਲਾਂਟ ਵਿਕਲਪਾਂ ਨੂੰ ਕਿਸੇ ਵੀ ਵਿਅਕਤੀ ਦੁਆਰਾ ਵਿਚਾਰਿਆ ਜਾ ਸਕਦਾ ਹੈ ਜੋ ਮੋਤੀਏ ਦੀ ਸਰਜਰੀ ਤੋਂ ਬਾਅਦ ਐਨਕਾਂ ਉੱਤੇ ਆਪਣੀ ਨਿਰਭਰਤਾ ਨੂੰ ਘੱਟ ਕਰਨ ਲਈ ਉਤਸੁਕ ਹੈ। ਬਸ ਆਪਣੇ ਕਲੀਨਿਕ ਦੇ ਡਾਕਟਰ ਨੂੰ ਪੁੱਛੋ ਕਿ ਕੀ ਤੁਸੀਂ ਮੋਤੀਏ ਦੀ ਉੱਨਤ ਸਰਜਰੀ ਲਈ ਢੁਕਵੇਂ ਹੋ ਸਕਦੇ ਹੋ ਅਤੇ ਉਹ ਤੁਹਾਡੇ ਵਿਕਲਪਾਂ ਨੂੰ ਸਮਝਣ ਵਿੱਚ ਤੁਹਾਡੀ ਮਦਦ ਕਰਕੇ ਖੁਸ਼ ਹੋਣਗੇ।

ਕਿਰਪਾ ਕਰਕੇ ਨੋਟ ਕਰੋ ਕਿ ਜਿਹੜੇ ਲੋਕ ਨਿੱਜੀ ਮੋਤੀਆ ਸਰਜਰੀ ਬਾਰੇ ਵਿਚਾਰ ਕਰਨ ਦੀ ਚੋਣ ਕਰਦੇ ਹਨ, ਉਹ ਚਾਹੁਣ ਤਾਂ ਵਿਕਲਪਕ ਸੇਵਾ ਪ੍ਰਦਾਤਾ ਚੁਣਨ ਲਈ ਸੁਤੰਤਰ ਹਨ।

**ਸਾਡੇ ਨਿੱਜੀ ਮੋਤੀਏ ਦੇ ਇਲਾਜ ਦੇ ਵਿਕਲਪਾਂ ਬਾਰੇ ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਅੱਜ ਹੀ ਸਾਡੇ ਨਾਲ 0800 084 6094 'ਤੇ ਸੰਪਰਕ ਕਰੋ**